# ਔਰਤ ਦੀ ਸ਼ਰਣ ਵਿਚ



ਬਲਜਿੰਦਰ ਨਸਰਾਲੀ

# ਔਰਤ ਦੀ ਸ਼ਰਣ ਵਿਚ

(ਕਹਾਣੀ ਸੰਗ੍ਰਹਿ)

**ਬਲਜਿੰਦਰ ਨਸਰਾਲੀ**

**ਸਮਰਪਣ**

ਜ਼ਿੰਦਗੀ ਵਿਚ ਮਿਲੇ ਹੀਰੇ ਬੰਦਿਆਂ
ਵਿਚੋਂ ਇਕ
ਰਿਸ਼ਮਦੀਪ ਸਿੰਘ
ਨੂੰ

# ਤਤਕਰਾ


| | | |
|---|---|---|
| ਕਹਾਣੀ ਲਿਖਣ ਦੀ ਗੱਲ | .................................. | 7 |
| ਔਰਤ ਦੀ ਸ਼ਰਣ ਵਿਚ | .................................. | 9 |
| ਜੇ ਅਪਨੀ ਬਿਰਥਾ ਕਹੂੰ | .................................. | 33 |
| ਕਰਾਂਤੀ ਕਿਉਂ ਨਹੀਂ ਆਉਂਦੀ | .................................. | 70 |
| ਚੋਰੀ | .................................. | 88 |
| ਹਿੰਦੋਸਤਾਨੀ ਚੇਰਵੀਆਕੋਵ | .................................. | 114 |

# ਕਹਾਣੀ ਲਿਖਣ ਦੀ ਗੱਲ

ਮੈਂ ਬਾਰਵੀਂ ਜਮਾਤ ਵਿਚ ਪੜ੍ਹਦਿਆਂ ਅਪਣੀਆਂ ਪਹਿਲੀਆਂ ਕਹਾਣੀਆਂ 'ਹੱਡਾਰੋੜੀ' ਅਤੇ 'ਘਸਿਆ ਹੋਇਆ ਆਦਮੀ' ਨਾਲ ਕਹਾਣੀ ਲਿਖਣੀ ਸ਼ੁਰੂ ਕੀਤੀ। ਲਿਖਣਾ ਮੇਰੇ ਲਈ ਅਪਣੇ ਆਪ ਦੀ ਤਲਾਸ਼ ਤੇ ਅਪਣੀ ਹੋਂਦ ਨੂੰ ਕੋਈ ਅਰਥ ਪ੍ਰਦਾਨ ਕਰਨ ਵਾਲੀ ਗੱਲ ਰਹੀ ਹੈ। ਲਿਖਣਾ ਮੇਰੇ ਲਈ ਇਸ ਚੰਗੇ, ਮਾੜੇ ਤੇ ਔਸਤਨ ਬੰਦਿਆਂ ਨਾਲ ਭਰੀ ਦੁਨੀਆਂ ਵਿਚ ਮਾਸਾ ਕੁ ਚੰਗੀ ਥਾਂ ਹਾਸਲ ਕਰਨ ਦੇ ਯਤਨ ਕਰਨ ਵਰਗੀ ਗੱਲ ਰਹੀ ਹੈ।

ਪਿੰਡ ਤੋਂ ਸ਼ਹਿਰ ਆ ਵਸਣ ਵਾਸਲੇ ਲੇਖਕਾਂ ਕੋਲੋਂ ਕਈ ਵਾਰ ਪਿੰਡ ਖੁੱਸ ਜਾਂਦਾ ਹੈ ਤੇ ਸ਼ਹਿਰ ਉਨ੍ਹਾਂ ਦੀ ਪਕੜ ਵਿਚ ਨਹੀਂ ਆਉਂਦਾ। ਮੇਰੇ ਖਿਆਲ ਵਿਚ ਅਸੀਂ ਸ਼ਹਿਰੀ ਬਣਕੇ ਵੀ ਪੇਂਡੂ ਬਣੇ ਰਹਿਣ ਵਿਚ ਮਾਣ ਮਹਿਸੂਸ ਕਰਦੇ ਹਾਂ। ਸ਼ਹਿਰ ਨੂੰ ਅਪਣਾ ਨਹੀਂ ਸਮਝਦੇ। ਸ਼ਹਿਰੀ ਜੀਵਨ ਨਾਲ ਜੁੜਨ ਲਈ ਮੈਂ ਅਪਣੇ ਆਪ ਨੂੰ ਸ਼ਹਿਰ ਨਾਲ ਪਿਆਰ ਕਰਨਾ ਸਿਖਾਇਆ ਹੈ। ਉਂਜ ਵੀ ਮੈਂ ਮਨੁੱਖੀ ਸਭਿਅਤਾ ਦੇ ਵਿਗਸਣ ਨੂੰ ਜੰਗਲ, ਪਿੰਡ, ਸ਼ਹਿਰ ਤੇ ਸਾਫ਼-ਸੁਥਰੇ ਸ਼ਹਿਰ ਦੀ ਤਰਤੀਬ ਵਿਚ ਹੀ ਸਮਝ ਸਕਿਆ ਹਾਂ।

ਮੇਰੇ ਪਹਿਲੇ ਕਹਾਣੀ ਸੰਗ੍ਰਹਿ 'ਡਾਕਖਾਨਾ ਖਾਸ' ਦੀਆਂ ਪੰਜੇ ਕਹਾਣੀਆਂ ਪੇਂਡੂ ਰਹਿਤਲ ਨਾਲ ਜੁੜੀਆਂ ਹੋਈਆਂ ਹਨ। ਇਸ ਦੂਜੇ ਕਹਾਣੀ ਸੰਗ੍ਰਹਿ ਦੀ ਹਰ ਕਹਾਣੀ ਵਿਚ ਸ਼ਹਿਰੀ ਰਹਿਣੀ-ਬਹਿਣੀ ਹਾਜ਼ਰ ਹੈ। ਮੇਰੀਆਂ ਇਹ ਕਹਾਣੀਆਂ ਪੰਜਾਬੀ ਮੈਗਜ਼ੀਨਾਂ ਵਿਚ ਛਪ ਚੁੱਕੀਆਂ ਹਨ। ਕਿਤਾਬੀ ਰੂਪ ਵਿਚ ਛਪਣ ਤੋਂ ਪਹਿਲਾਂ ਮੈਂ ਅਪਣੀ ਸਮਰੱਥਾ ਅਨੁਸਾਰ ਇਨ੍ਹਾਂ ਨੂੰ ਸੁਧਾਰਿਆ ਹੈ। ਜੇਕਰ ਮੇਰੀ ਕੋਈ ਕਹਾਣੀ ਕਿਸੇ ਪਾਠਕ ਦੀ ਜ਼ਿੰਦਗੀ ਵਿਚ ਥੋੜ੍ਹੀ ਜਿਹੀ ਖੁਸ਼ੀ ਤੇ ਚੇਤਨਾ ਲਿਆ ਸਕੇ ਤਾਂ ਮੈਨੂੰ ਚਿਤੋਂ ਖੁਸ਼ੀ ਹੋਵੇਗੀ।

10-07-2015

**-ਬਲਜਿੰਦਰ ਨਸਰਾਲੀ**
ਪੰਜਾਬੀ ਵਿਭਾਗ
ਦਿੱਲੀ ਯੂਨੀਵਰਸਿਟੀ

*ਜੇ ਅਪਨੀ ਬਿਰਥ ਕਹਹੁ ਅਵਰਾ ਪਹਿ ਤਾ ਆਗੈ*
*ਅਪਨੀ ਬਿਰਥ ਬਹੁ ਬਹੁਤੁ ਕਢਾਸਾ॥*

***-ਗੁਰੂ ਰਾਮਦਾਸ ਜੀ।***

(ਭਾਵ ਜੇਕਰ ਮੈਂ ਕਿਸੇ ਨੂੰ ਅਪਣੇ ਦੁੱਖ ਦੱਸਣ ਲੱਗ ਪਿਆ ਤਾਂ ਸੁਣਨਾ ਵਾਲਾ ਵੀ ਅਪਣੇ ਵਡੇਰੇ ਦੁੱਖ ਦੱਸਣ ਲੱਗ ਜਾਵੇਗਾ। ਹਰ ਕਿਸੇ ਕੋਲ ਦੁੱਖ ਹੁੰਦੇ ਹਨ।)

# ਔਰਤ ਦੀ ਸ਼ਰਣ ਵਿਚ

*(ਇਸ ਕਹਾਣੀ ਦੇ ਪਹਿਲੇ ਭਾਗ ਵਿਚ ਜਿਸ ਪਿੰਡ ਬਾਂਦਰਸਿੰਡਰੀ ਦਾ ਜ਼ਿਕਰ ਆਇਆ ਹੈ, ਇਹ ਪਿੰਡ ਹੁਣ ਉਥੋਂ ਚੁੱਕ ਦਿੱਤਾ ਗਿਆ ਹੈ ਕਿਉਂਕਿ ਉਸ ਪਿੰਡ ਦੇ ਸਾਹਮਣੇ ਵਾਲੀ ਜ਼ਮੀਨ ਵਿਚ ਬਿਰਲਾ ਗਰੁੱਪ ਨੇ ਇਕ ਵੱਡਾ ਸਕੂਲ ਖੋਲ੍ਹ ਦਿੱਤਾ ਹੈ। ਕਹਾਣੀ ਦੇ ਦੂਜੇ ਭਾਗ ਵਿਚ ਵਾਰਤਾਲਾਪਾਂ ਦੀ ਜ਼ੁਬਾਨ ਪੰਜਾਬੀ ਦੀ ਉਪਭਾਸ਼ਾ ਡੋਗਰੀ ਹੈ। ਖੇਤਰੀ ਸ਼ਬਦਾਂ ਦੇ ਅਰਥ ਕਹਾਣੀ ਵਿਚ ਬਰੈਕਿਟਾਂ ਵਿਚ ਅਤੇ ਅੰਤ 'ਤੇ ਦਿੱਤੇ ਗਏ ਹਨ- ਲੇਖਕ)*

### ਭਾਗ ਪਹਿਲਾ

### ਕਥਾ ਬੀਜ

### ਸਥਾਨ- ਰਾਜਸਥਾਨ

ਗਿਆਨ ਤੇ ਕੈਲੀ ਪੰਜਾਬ ਤੋਂ ਜੈਪੁਰ ਬੈਂਕ ਦਾ ਪੇਪਰ ਦੇਣ ਆਏ ਸਨ ਪਰ ਕੈਲੀ ਨੇ ਜੈਪੁਰ ਤੋਂ ਅੱਗੇ ਘੁੰਮਣ ਜਾਣ ਦਾ ਪ੍ਰੋਗਰਾਮ ਬਣਾ ਲਿਆ। ਅਸਲ ਵਿਚ ਕੈਲੀ ਦੇ ਸਕੇ ਘਰਾਂ ਵਿਚੋਂ ਇਕ ਮੁੰਡਾ ਏਥੇ ਜੈਪੁਰ ਦੀ ਇਕ ਟਰੱਕ ਟਰਾਂਸਪੋਰਟ ਵਿਚ ਡਰਾਈਵਰ ਸੀ। ਉਹ ਦੋਵੇਂ ਉਸ ਦੀ ਟਰਾਂਸਪੋਰਟ ਦੇ ਇਕ ਕਮਰੇ ਵਿਚ ਹੀ ਠਹਿਰੇ ਹੋਏ ਸਨ। ਜੀਤੇ ਡਰਾਈਵਰ ਨੇ ਉਨ੍ਹਾਂ ਨੂੰ ਕਿਸੇ 'ਚੰਗੀ ਥਾਂ' ਦੇ ਦਰਸ਼ਨ ਕਰਾਉਣ ਦਾ ਲਾਲਚ ਦਿੱਤਾ ਹੋਇਆ ਸੀ।

ਕੈਲੀ ਨੂੰ ਉਸ ਥਾਂ ਜਾਣ ਦਾ ਚਾਅ ਚੜ੍ਹਿਆ ਹੋਇਆ ਸੀ। ਗਿਆਨ ਪੜ੍ਹਾਕੂ ਕਿਸਮ ਦਾ ਮੁੰਡਾ ਸੀ ਤੇ ਅਜਿਹੀ 'ਚੰਗੀ ਥਾਂ' ਜਾਣ ਤੋਂ ਝਿਪਦਾ ਵੀ ਸੀ। ਪਰ ਜੀਤਾ ਪੂਰਾ ਭੇਤੀ ਸੀ ਤੇ ਕਹਿੰਦਾ ਸੀ ਕਿ ਡਰਨ ਵਾਲੀ ਗੱਲੇ ਕੋਈ ਨੀਂ।

ਪੇਪਰ ਤੋਂ ਪਿੱਛੋਂ ਦੋ ਤਿੰਨ ਦਿਨ ਉਹ ਜੈਪੁਰ ਦੇ ਕਿਲੇ ਦੇਖਦੇ ਘੁੰਮਦੇ ਰਹੇ। ਤੀਜੇ ਦਿਨ ਜੀਤਾ ਦਿੱਲੀ ਦਾ ਚੱਕਰ ਲਾ ਕੇ ਆ ਗਿਆ। ਅਗਲੇ ਦਿਨ ਉਨ੍ਹਾਂ ਨੇ ਅੱਗੇ ਚੱਲਣਾ ਸੀ।

ਗੱਡੀ ਜੈਪੁਰੋਂ ਨਿਕਲ ਮੇਨ ਰੋਡ 'ਤੇ ਪੈ ਗਈ ਸੀ। ਮਕਰਾਣਾ ਸ਼ਹਿਰ ਉਨ੍ਹਾਂ ਦੀ ਮੰਜ਼ਲ ਸੀ, ਜਿੱਥੇ ਗੱਡੀ ਖ਼ਾਲੀ ਕਰਕੇ ਉਨ੍ਹਾਂ ਨੇ ਸੰਗਮਰਮਰ ਭਰਨਾ ਸੀ। ਗੱਲਾਂ ਕਰਦੇ-ਕਰਦੇ ਉਹ ਦੂਧੂ ਨਾਂ ਦੇ ਕਸਬੇ ਪਹੁੰਚ ਗਏ। ਜੀਤੇ ਨੇ ਚਾਹ ਪੀਣ ਲਈ ਗੱਡੀ ਇਕ ਢਾਬੇ 'ਤੇ ਰੋਕ ਲਈ।

ਚਾਹ ਖ਼ਤਮ ਕਰਕੇ ਜੀਤਾ ਪੈਸੇ ਦੇਣ ਚਲਾ ਗਿਆ। ਗਿਆਨ ਤੇ ਕੈਲੀ